**ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,**
**ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਮੋਹਾਲੀ**
**ਫੋਨ ਨੰ: 0172-2212221,**

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ./ਸੈ.ਸਿੱ.),ਪੰਜਾਬ
2. ਸਮੂਹ ਸਕੂਲ ਮੁੱਖੀ,ਪੰਜਾਬ।

ਮੀਮੋ ਨੰ: 5/7-2019(ਅਕਾ) / 8972
ਮਿਤੀ: 7 .05.2019

ਵਿਸ਼ਾ:-RTE(Amendment),2019 ਅਨੁਸਾਰ 5ਵੀਂ ਅਤੇ 8ਵੀਂ ਜਮਾਤ ਦੇ ਮਾਰਚ,2019 ਮੁਲਾਂਕਣ ਵਿੱਚ ਰੀ-ਅਪੀਅਰ ਵਿਦਿਆਰਥੀਆਂ ਦਾ ਮਈ,2019 ਵਿੱਚ ਮੁੜ ਮੁਲਾਂਕਣ ਕਰਵਾਉਣ ਲਈ ਨਤੀਜਾ ਕਰਾਇਟੀਰੀਆ (Criteria) ,ਪਾਲਿਸੀ (Policy) ਅਤੇ ਮੁਲਾਂਕਣ ਟੂਲਜ਼ (Evaluation Tools) ਸਬੰਧੀ।

ਉਪਰੋਕਤ ਵਿਸ਼ੇ ਸਬੰਧੀ RTE ACT (Amendment),2019 ਅਨੁਸਾਰ 5ਵੀਂ ਅਤੇ 8ਵੀਂ ਜਮਾਤ ਵਿੱਚ ਮਾਰਚ, 2019 ਮੁਲਾਂਕਣ ਵਿੱਚ ਰੀ-ਅਪੀਅਰ ਵਾਲੇ ਵਿਦਿਆਰਥੀਆਂ ਦਾ ਮਈ,2019 ਵਿੱਚ ਮੁੜ ਮੁਲਾਂਕਣ ਕਰਵਾਇਆ ਜਾਣਾ ਹੈ।ਇਸ ਸਬੰਧੀ ਮਈ,2019 ਵਿੱਚ ਮੁੜ ਮੁਲਾਂਕਣ ਕਰਵਾਉਣ ਲਈ ਨਤੀਜਾ ਕਰਾਇਟੀਰੀਆ,ਪਾਲਿਸੀ ਅਤੇ ਮੁਲਾਂਕਣ ਟੂਲਜ਼ ਹੇਠ ਲਿਖੇ ਅਨੁਸਾਰ ਹਨ:-

1. **ਪੰਜਵੀਂ** ਜਮਾਤ ਲਈ ਪੰਜ ਵਿਸ਼ੇ ਪੰਜਾਬੀ(ਪਹਿਲੀ ਭਾਸ਼ਾ),ਹਿੰਦੀ (ਦੂਸਰੀ ਭਾਸ਼ਾ),ਅੰਗਰੇਜ਼ੀ,ਗਣਿਤ, ਵਾਤਾਵਰਣ ਵਿਗਿਆਨ ਦੇ ਮੁਲਾਂਕਣ ਟੂਲ ਮੁਹੱਈਆ ਕਰਵਾਏ ਜਾਣਗੇ।
2. **ਅਠਵੀਂ** ਜਮਾਤ ਲਈ ਛੇ ਵਿਸ਼ੇ ਪੰਜਾਬੀ(ਪਹਿਲੀ ਭਾਸ਼ਾ),ਹਿੰਦੀ (ਦੂਸਰੀ ਭਾਸ਼ਾ),ਅੰਗਰੇਜ਼ੀ,ਗਣਿਤ, ਵਿਗਿਆਨ,ਸਮਾਜਿਕ ਸਿੱਖਿਆ ਵਿਗਿਆਨ ਦੇ ਮੁਲਾਂਕਣ ਟੂਲ ਮੁਹੱਈਆ ਕਰਵਾਏ ਜਾਣਗੇ।ਇਸ ਤੋਂ ਇਲਾਵਾ ਬਾਕੀ ਰਹਿੰਦੇ ਸਾਰੇ ਵਿਸ਼ਿਆਂ ਦੇ ਮੁਲਾਂਕਣ ਟੂਲ ਸਕੂਲ ਮੁੱਖੀ ਵੱਲੋਂ ਆਪਣੇ ਹੀ ਪੱਧਰ ਤੇ ਬਣਵਾਏ ਜਾਣਗੇ।
3. ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ CWSN (MR,VI,HI) ਲਈ ਮੁਲਾਂਕਣ ਦੇ ਮੁਲਾਂਕਣ ਟੂਲ ਵੀ ਵਿਭਾਗ ਵੱਲੋਂ ਪਹਿਲਾਂ ਤੋਂ ਹੀ www.ssapunjab.org ਤੇ ਅਪਲੋਡ ਕੀਤੇ ਗਏ ਸੈਂਪਲ ਪੇਪਰਾਂ ਦੇ ਆਧਾਰ ਤੇ ਸੰਬੰਧਤ ਅਧਿਆਪਕ ਵੱਲੋਂ ਹੀ ਤਿਆਰ ਕਰਵਾਏ ਜਾਣਗੇ।ਇਹਨਾਂ ਵਿਦਿਆਰਥੀਆਂ ਲਈ ਜੇਕਰ ਲੋੜ ਹੋਵੇ ਤਾਂ ਪੰਜਵੀਂ ਜਮਾਤ ਲਈ ਚੌਥੀ ਜਮਾਤ ਦਾ ਵਿਦਿਆਰਥੀ ਅਤੇ ਅਠਵੀਂ ਜਮਾਤ ਲਈ ਸਤਵੀਂ ਜਮਾਤ ਦਾ ਵਿਦਿਆਰਥੀ ਲਿਖਾਰੀ ਵਜੋਂ ਸਕੂਲ ਮੁੱਖੀ ਰਾਹੀਂ ਆਪਣੇ ਹੀ ਪੱਧਰ ਤੇ ਮੁਹੱਈਆ ਕਰਵਾਇਆ ਜਾਵੇ।
4. ਦੋਵੇਂ ਜਮਾਤਾਂ ਲਈ SA-I ਅਤੇ SA-II ਦੇ ਸਿਲੇਬਸ (ਸੈਸ਼ਨ 2018-19) ਵਿੱਚੋਂ ਕ੍ਰਮਵਾਰ 20% SA-I ( ਅਪ੍ਰੈਲ ਅਤੇ ਮਈ ਮਹੀਨੇ ਦੇ ਸਿਲੇਬਸ ਵਿੱਚੋਂ) ਅਤੇ 80% SA-II (ਅਕਤੂਬਰ ਤੋਂ ਮਾਰਚ ਮਹੀਨੇ ਦੇ ਸਿਲੇਬਸ ਵਿੱਚੋਂ ) ਸਪੈਸ਼ਲ ਮੁਲਾਂਕਣ ਟੂਲ (ਸਿੰਗਲ ਪੇਪਰ) ਤਿਆਰ ਕਰਵਾਏ ਜਾਣਗੇ।
5. ਇਸ ਸਪੈਸ਼ਲ ਮੁਲਾਂਕਣ ਵਿੱਚ ਪਾਸ ਹੋਣ ਲਈ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਦੋਵਾਂ ਵਿੱਚ ਵੱਖਰੇ-ਵੱਖਰੇ ਤੌਰ ਤੇ 33% ਅੰਕ ਵਿਸ਼ਾਵਾਰ ਪ੍ਰਾਪਤ ਕਰਨੇ ਲਾਜ਼ਮੀ ਹੋਣਗੇ।
6. ਸੀ.ਸੀ.ਈ. ਵਿੱਚ ਵੱਖਰੇ ਤੌਰ ਤੇ ਪਾਸ ਹੋਣਾ ਜ਼ਰੂਰੀ ਨਹੀਂ ।ਲਿਖਤੀ ਅਤੇ ਪ੍ਰਯੋਗੀ (ਜੇਕਰ ਹੋਵੇ) ਪ੍ਰੀਖਿਆ ਵਿੱਚ ਵੱਖਰੇ- ਵੱਖਰੇ ਤੌਰ ਤੇ ਪਾਸ ਹੋਣ ਤੇ ਹੀ ਸੀ.ਸੀ.ਈ. ਦੇ ਅੰਕ ਕੁੱਲ ਅੰਕਾਂ ਵਿੱਚ ਜੋੜੇ ਜਾਣਗੇ।
7. ਨਤੀਜਾ ਤਿਆਰ ਕਰਨ ਲਈ ਪੰਜਵੀਂ ਜਮਾਤ ਦੇ ਪੰਜਾਬੀ,ਹਿੰਦੀ/ ਉਰਦੂ,ਅੰਗਰੇਜ਼ੀ,ਗਣਿਤ,ਵਾਤਾਵਰਣ ਵਿਗਿਆਨ ਦੇ ਅੰਕਾਂ ਨੂੰ ਹੀ ਕੁੱਲ ਅੰਕਾਂ ਵਿੱਚ ਸ਼ਾਮਿਲ ਕੀਤਾ ਜਾਵੇਗਾ।
8. ਅਠਵੀਂ ਜਮਾਤ ਲਈ ਛੇ ਵਿਸ਼ੇ ਪੰਜਾਬੀ(ਪਹਿਲੀ ਭਾਸ਼ਾ),ਹਿੰਦੀ (ਦੂਸਰੀ ਭਾਸ਼ਾ),ਅੰਗਰੇਜ਼ੀ,ਗਣਿਤ, ਵਿਗਿਆਨ,ਸਮਾਜਿਕ ਵਿਗਿਆਨ ਦੇ ਅੰਕਾਂ ਨੂੰ ਹੀ ਕੁੱਲ ਅੰਕਾਂ ਵਿੱਚ ਸ਼ਾਮਿਲ ਕੀਤਾ ਜਾਵੇਗਾ।
9. ਜਿਨ੍ਹਾਂ ਵਿਸ਼ਿਆਂ ਦੀ ਪ੍ਰਯੋਗੀ ਪ੍ਰੀਖਿਆ ਹੁੰਦੀ ਹੈ ਉਨ੍ਹਾਂ ਦੇ ਪ੍ਰਯੋਗੀ ਪ੍ਰੀਖਿਆ ਦੇ ਅੰਕ ਮਾਰਚ 2019 ਵਿੱਚ ਲਈ ਪ੍ਰੀਖਿਆ ਵਾਲੇ ਹੀ ਅੰਕ ਰੀ-ਅਪੀਅਰ ਵਿੱਚ ਪਾਸ ਹੋਣ ਉਪਰੰਤ ਉਸ ਵਿਸ਼ੇ ਵਿੱਚ ਅੰਕ

ਜੋੜੇ ਜਾਣਗੇ।

10. ਪ੍ਰੰਤੂ ਜੇਕਰ ਕੋਈ ਵਿਦਿਆਰਥੀ ਪ੍ਰਯੋਗੀ ਪ੍ਰੀਖਿਆ ਵਿੱਚ ਫੇਲ ਹੁੰਦਾ ਹੈ ਤਾਂ ਹੀ ਉਸਦੀ ਪ੍ਰਯੋਗੀ ਪ੍ਰੀਖਿਆ ਸਕੂਲ ਮੁੱਖੀ ਆਪਣੇ ਪੱਧਰ ਤੇ ਹੀ ਕਰਵਾਉਣੀ ਯਕੀਨੀ ਬਣਾਉਣਗੇ।
11. ਮਾਰਚ 2019 ਦੀ ਪ੍ਰੀਖਿਆ ਵਾਲੇ ਸਾਰੇ ਵਿਸ਼ਿਆਂ ਦੇ CCE ਦੇ ਅੰਕ ਹੀ ਰੀ-ਅਪੀਅਰ ਪਾਸ ਹੋਣ ਉਪਰੰਤ ਉਸ ਵਿਸ਼ੇ ਵਿੱਚ ਜੋੜੇ ਜਾਣਗੇ।
12. ਜਿਨ੍ਹਾਂ ਚੋਣਵੇਂ ਵਿਸ਼ਿਆਂ ਦਾ ਮੁਲਾਂਕਣ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਕੀਤਾ ਗਿਆ ਸੀ,ਜੇਕਰ ਉਨ੍ਹਾਂ ਵਿੱਚੋਂ ਨਤੀਜਾ Re-appear ਹੈ ਤਾਂ ਸਕੂਲ ਮੁੱਖੀ ਆਪਣੇ ਪੱਧਰ ਤੇ ਹੀ ਮੁਲਾਂਕਣ ਟੂਲ ਤਿਆਰ ਕਰਵਾਉਣਗੇ।
13. ਮੁਲਾਂਕਣ ਮਈ,2019 ਦਾ ਨਤੀਜਾ ਈ-ਪੰਜਾਬ ਸਕੂਲ ਪੋਰਟਲ ਤੇ ਹੀ ਤਿਆਰ ਕੀਤਾ ਜਾਵੇਗਾ ਅਤੇ ਇਸ ਮੁਲਾਂਕਣ ਦਾ ਈ-ਸਰਟੀਫਿਕੇਟ ਵੀ ਈ ਪੰਜਾਬ ਪੋਰਟਲ ਤੋਂ ਹੀ ਡਾਊਨਲੋਡ ਕੀਤਾ ਜਾਵੇਗਾ।
14. ਹਰ ਵਿਸ਼ੇ ਦੇ Re-appear subject ਦਾ ਲਿਖਤੀ ਪੇਪਰ ਲਿਆ ਜਾਵੇਗਾ।ਇਸ ਮੁਲਾਂਕਣ ਦਾ ਪੈਟਰਨ ਮਾਰਚ,2019 ਵਾਲਾ ਹੀ ਹੋਵੇਗਾ, ਪ੍ਰੰਤੂ ਪ੍ਰਸ਼ਨਾਂ ਦੇ ਅੰਕ ਦੁੱਗਣੇ ਹੋਣਗੇ ਅਤੇ ਇਸ ਵਿੱਚ ਹੇਠ ਲਿਖੇ ਅਨੁਸਾਰ ਨੰਬਰਾਂ ਦੇ ਮੁਲਾਂਕਣ ਟੂਲ ਬਣਾਏ ਜਾਣਗੇ।

ਵਿਸ਼ਾਵਾਰ ਮੁਲਾਂਕਣ ਲਈ ਥਿਊਰੀ ਦੇ ਮੁਲਾਂਕਣ ਟੂਲਜ਼ ਦੀ ਡਿਟੇਲ:

**ਜਮਾਤ ਪੰਜਵੀਂ ਲਈ ਹੇਠ ਲਿਖੇ ਪੰਜ ਵਿਸ਼ੇ :**

| | |
|---|---|
| Punjabi | 160 |
| Hindi | 160 |
| English | 160 |
| Math | 160 |
| E.V.S | **160** |

**ਜਮਾਤ ਅਠਵੀਂ ਲਈ ਹੇਠ ਲਿਖੇ ਛੇ ਵਿਸ਼ੇ :**

| | | | |
|---|---|---|---|
| Punjabi | 180 | S.S.T | 140 |
| Hindi | 180 | Science | 140 |
| English | 160 | Maths | 160 |

ਡਾਇਰੈਕਟਰ
ਐੱਸ.ਸੀ.ਈ.ਆਰ.ਟੀ,
ਪੰਜਾਬ।

ਪਿਠ ਅੰਕਣ ਨੰ. ਉਕਤ ਮਿਤੀ:ਐੱਸ.ਏ.ਐੱਸ ਨਗਰ, -05-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਯੋਗ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਡਾਇਰੈਕਟਰ,ਐੱਸ.ਸੀ.ਈ.ਆਰ.ਟੀ,ਪੰਜਾਬ
2. ਸਟੇਟ ਕੋਆਰਡੀਨੇਟਰ (ਅੰਗਰੇਜ਼ੀ,ਪੰਜਾਬੀ,ਹਿੰਦੀ,ਗਣਿਤ,ਵਿਗਿਆਨ,ਸਮਾਜਿਕ ਵਿਗਿਆਨ ) ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ।
3. ਸਟੇਟ ਕੋਆਰਡੀਨੇਟਰ (ਪ੍ਰਾਇਮਰੀ ) ਪੜ੍ਹੋ ਪੰਜਾਬ,ਪੜ੍ਹਾਓ ਪੰਜਾਬ।
4. ਮੁਲਾਂਕਣ ਅਫ਼ਸਰ, ਦਫਤਰ. ਡਾਇਰੈਕਟਰ ਐੱਸ.ਸੀ.ਈ.ਆਰ.ਟੀ,ਪੰਜਾਬ
5. ਡੀ.ਐੱਮ(ਐੱਮ.ਆਈ.ਐੱਸ)ਦਫ਼ਤਰ DGSE

ਸਹਾਇਕ ਡਾਇਰੈਕਟਰ (ਅਕਾਦਮਿਕ)
ਐੱਸ.ਸੀ.ਈ.ਆਰ.ਟੀ,ਪੰਜਾਬ।